# BUDHA DAL PUBLIC SCHOOL PATIALA

## First Term Examination (9 September 2024)

**Class - X**

**Paper - Punjabi (Set - B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

### ਭਾਗ-ੳ (ਪੜ੍ਹਨ-ਕੌਸ਼ਲ)

**1) ਹੇਠ ਲਿਖੇ ਵਾਰਤਕ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:** (6×1=6)

ਖੁੱਲ੍ਹੇ-ਡੁੱਲ੍ਹੇ ਸੁਭਾਅ ਦੇ ਮਾਲਕ ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਬੜੇ ਸ਼ੁਕੀਨ ਰਹੇ ਹਨ। ਜਰਗ ਦਾ ਮੇਲਾ, ਛਪਾਰ ਦਾ ਮੇਲਾ ਅਤੇ ਜਗਰਾਵਾਂ ਦੀ ਰੋਸ਼ਨੀ ਵਰਗੇ ਵੱਡੇ ਮੇਲੇ ਪੰਜਾਬੀਆਂ ਲਈ ਹਮੇਸ਼ਾਂ ਖਿੱਚ ਦਾ ਕੇਂਦਰ ਰਹੇ ਹਨ। ਇਹ ਮੇਲੇ ਪੰਜਾਬ ਦੇ ਘੁੱਗ ਵਸਦੇ ਇਲਾਕਿਆਂ ਵਿੱਚ ਲੱਗਦੇ ਹਨ। ਸਦੀਆਂ ਪੁਰਾਣਾ ਮੇਲਾ 'ਛਿੰਝ ਛਰਾਹਾਂ ਦੀ' ਭਾਵੇਂ ਇਸੇ ਪੱਧਰ ਦਾ ਹੈ ਪਰੰਤੂ ਪੰਜਾਬ ਦੇ ਪਛੜੇ ਨੀਮ-ਪਹਾੜੀ ਇਲਾਕੇ ਅਤੇ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਊਨਾ ਦੀ ਵੱਖੀ ਨਾਲ ਲੱਗਦਾ ਹੋਣ ਕਰਕੇ, ਇਸ ਮੇਲੇ ਦਾ ਓਨਾ ਪ੍ਰਚਾਰ ਅਤੇ ਪਸਾਰ ਨਹੀਂ ਹੋ ਸਕਿਆ, ਜਿੰਨਾ ਹੋਣਾ ਚਾਹੀਦਾ ਸੀ। ਇਹ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ, ਸ਼ਿਵਾਲਿਕ ਪਹਾੜੀਆਂ ਦੀ ਗੋਦ 'ਚ ਵੱਸੇ 'ਬੀਤ' ਇਲਾਕੇ ਦੇ ਪਿੰਡ ਅਚਲਪੁਰ (ਛਰਾਹਾਂ) ਵਿਖੇ ਹਰ ਵਰ੍ਹੇ ਮੱਘਰ ਮਹੀਨੇ ਦੇ ਜੇਠੇ ਐਤਵਾਰ ਤੋਂ ਲੈ ਕੇ ਲਗਾਤਾਰ ਚਾਰ ਦਿਨ ਚੱਲਦਾ ਹੈ। ਦੂਰ-ਦੂਰ ਤੱਕ ਇਹ ਮੇਲਾ ਇੰਨਾ ਮਸ਼ਹੂਰ ਹੈ ਕਿ ਇਹ ਟੋਟਕਾ ਆਪਮੁਹਾਰੇ ਹੀ ਲੋਕਾਂ ਦੀ ਜ਼ੁਬਾਨ ਵਿੱਚੋਂ ਫੁੱਟ ਪੈਂਦਾ ਹੈ :

"ਦਾਲ ਮਾਹਾਂ ਦੀ, ਛਿੰਝ ਛਰਾਹਾਂ ਦੀ।"

1. ਪੰਜਾਬੀ ਕਿਸ ਤਰ੍ਹਾਂ ਦੇ ਸੁਭਾਅ ਦੇ ਮਾਲਕ ਹਨ ?

(ੳ) ਗੁੱਸੇ ਖੋਰ

(ਅ) ਸਖ਼ਤ

(ੲ) ਖੁੱਲ੍ਹੇ-ਡੁੱਲ੍ਹੇ

(ਸ) ਹੱਸਮੁਖ

2. ਵੱਡੇ ਮੇਲੇ ਪੰਜਾਬ ਦੇ ਕਿਹੜੇ ਇਲਾਕਿਆਂ ਵਿੱਚ ਲੱਗਦੇ ਹਨ?

(ੳ) ਘੁੱਗ ਵਸਦੇ (ਅ) ਪੇਂਡੂ (ੲ) ਸ਼ਹਿਰੀ (ਸ) ਪਹਾੜੀ

3. 'ਛਿੰਝ ਛਰਾਹਾਂ ਦੀ' ਸਦੀਆਂ ਪੁਰਾਣਾ ਮੇਲਾ ਕਿਹੜੇ ਪਹਾੜੀ ਇਲਾਕੇ ਨਾਲ ਸੰਬੰਧਿਤ ਹੈ ?

(ੳ) ਉੱਚੇ ਪਹਾੜੀ

(ਅ) ਪਛੜੇ ਨੀਮ-ਪਹਾੜੀ

(ੲ) ਠੰਢੇ ਪਹਾੜੀ

(ਸ) ਨੀਵੇਂ ਪਹਾੜੀ

4. ਬੀਤ ਦਾ ਇਲਾਕਾ ਕਿਹੜੀਆਂ ਪਹਾੜੀਆਂ ਦੀ ਗੋਦ ਵਿੱਚ ਵੱਸਿਆ ਹੋਇਆ ਹੈ ?

(ੳ) ਸ਼ਿਵਾਲਿਕ (ਅ) ਨੀਵੀਆਂ

(ੲ) ਉੱਚੀਆਂ (ਸ) ਨੀਮ-ਪਹਾੜੀਆਂ

5. 'ਛਿੰਝ ਛਰਾਹਾਂ ਦੀ' ਦਾ ਮੇਲਾ ਕਿਸ ਮਹੀਨੇ ਦੇ ਜੇਠੇ ਐਤਵਾਰ ਤੋਂ ਸ਼ੁਰੂ ਹੁੰਦਾ ਹੈ ?

(ੳ) ਜੇਠ (ਅ) ਮੱਘਰ

(ੲ) ਪੋਹ (ਸ) ਮਾਘ

2) ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। (1×4=4)

ਦਸਮ ਗੁਰੂ ਚਮਕੌਰ ਦੀ ਗੜ੍ਹੀ ਅੰਦਰ, ਘੇਰਾ ਮੁਗ਼ਲਾ ਨੇ ਆਣ ਭੰਗ ਕੀਤਾ।
ਕੁੱਲ ਦਿੱਲੀ ਪੰਜਾਬ ਦੀ ਬਾਦਸ਼ਾਹੀ, ਨਾਲ ਰਾਜੇ ਪਹਾੜੀਆਂ ਮੰਗ ਕੀਤਾ।
ਅੰਦਰ ਗਿਣਤੀ ਦੇ ਸਿੰਘ ਤੇ ਸਾਹਿਬਜ਼ਾਦੇ, ਜਿਨ੍ਹਾਂ ਸੀਸ ਤਲੀ ਧਰ ਜੰਗ ਕੀਤਾ।

ੳ) ਜਦੋਂ ਗੁਰੂ ਜੀ ਚਮਕੌਰ ਦੀ ਗੜ੍ਹੀ ਵਿੱਚ ਸਨ ਤਾਂ ਮੁਗ਼ਲਾਂ ਨੇ ਕੀ ਕੀਤਾ?
ਅ) ਹਮਲਾਵਰ ਕੌਣ ਸਨ?
ੲ) ਸੀਸ ਤਲੀ 'ਤੇ ਧਰ ਕੇ ਕਿਨ੍ਹਾਂ ਨੇ ਜੰਗ ਕੀਤਾ?
ਸ) ਇਸ ਕਾਵਿ-ਟੋਟੇ ਵਿੱਚ ਕਿਸ ਗੁਰੂ ਬਾਰੇ ਕਿਹਾ ਗਿਆ ਹੈ?

**ਭਾਗ - ਅ (ਵਿਆਕਰਨ)**

**3) ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਰੋਧਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:
1) ਲਾਲ-ਸੁਰਖ 2) ਦੁੱਖ-ਦਰਦ 3) ਅੰਦਰ-ਬਾਹਰ 4) ਦਿਨ-ਦਿਹਾੜੇ

ਅ) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸੁਮੇਲ ਨਾਲ ਬਣਿਆ ਹੈ:
1) ਰੋਟੀ-ਪਾਣੀ 2) ਰੋਟੀ-ਰੋਜ਼ੀ 3) ਰੋਟੀ-ਰਾਟੀ 4) ਰੋਟੀ-ਬਰੈਡ

ੲ) ਹੇਠ ਲਿਖੇ ਵਿਕਲਪ ਚੁਣ ਕੇ ਸਮਾਸੀ ਸ਼ਬਦ ਬਣਾਓ: ਕੱਲ੍ਹ - ?
1) ਰਾਤ 2) ਪਰਸੋਂ 3) ਅੱਜ 4) ਸਵੇਰ

**4) ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਕਿਹੜਾ ਸ਼ਬਦ 'ਵਾਰ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ?
1) ਹਮਲਾ 2) ਦਿਨ 3) ਕਵਿਤਾ ਦਾ ਰੂਪ 4) ਪ੍ਰਸ਼ੰਸਾ

ਅ) 'ਝੂਠ ਮਾਰਨ' ਕਾਰਨ ਮੁਕੇਸ਼ ਨੂੰ ਸਕੂਲੋਂ ਮਾਰ ਪਈ।' ਪਤਾ ਨਹੀਂ ਉਸਨੂੰ ਕੀ 'ਮਾਰ' ਵੱਗ ਗਈ ਏ ਕਿ ਸਭ ਦੇ ਪੈਸੇ 'ਮਾਰ' ਲੈਂਦਾ ਹੈ। ਇਸ ਵਾਕ ਵਿੱਚ ਚੌਥੇ 'ਮਾਰ' ਸ਼ਬਦ ਦੇ ਕੀ ਅਰਥ ਹਨ?
1) ਕੁੱਟ 2) ਬੋਲਣਾ 3) ਹੜੱਪ ਕਰਨਾ 4) ਵਿਗੜੀ ਆਦਤ

ੲ) 'ਸੰਗ' ਸ਼ਬਦ ਦੇ ਬਹੁ-ਅਰਥਕ ਸ਼ਬਦ ਚੁਣੋ:
1) ਸੱਚ, ਸੂਤਰ 2) ਸ਼ਰਮ, ਚੋਟ 3) ਸ਼ਰਮ, ਸਾਥ 4) ਪੱਥਰ, ਰੋੜੀ

**5) ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):** (2×1=2)

ੳ) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਰਨ-ਵਾਚਕ ਕਿਰਿਆ ਵਿਸ਼ੇਸ਼ਣ ਚੁਣੋ:
1) ਬਹੁਤ ਅੱਛਾ, ਹਾਂ ਜੀ, ਜ਼ਰੂਰ 2) ਦੋਬਾਰਾ, ਇਕਹਿਰਾ, ਘੜੀ-ਮੁੜੀ
3) ਕੋਲ, ਪਰੇ, ਖੱਬੇ 4) ਇਸੇ ਕਰਕੇ, ਤਾਂ ਕਿ, ਇਸੇ ਲਈ

ਅ) ਜੋ ਕਿਰਿਆ ਵਿਸ਼ੇਸ਼ਣ ਕਿਰਿਆ ਦੇ ਹੋਣ, ਵਾਪਰਨ ਜਾਂ ਕਰਨ ਦੇ ਢੰਗ ਬਾਰੇ ਦੱਸਣ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
1) ਨਿਰਣਾ-ਵਾਚਕ ਕਿਰਿਆ ਵਿਸ਼ੇਸ਼ਣ 2) ਮਿਣਤੀ-ਵਾਚਕ ਕਿਰਿਆ ਵਿਸ਼ੇਸ਼ਣ
3) ਪ੍ਰਕਾਰ-ਵਾਚਕ ਕਿਰਿਆ ਵਿਸ਼ੇਸ਼ਣ 4) ਸਥਾਨ-ਵਾਚਕ ਕਿਰਿਆ ਵਿਸ਼ੇਸ਼ਣ

ੲ) ਹੇਠ ਲਿਖੇ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ:
'ਅਸੀਂ ਭਲਕੇ ਤੁਹਾਡੇ ਘਰ ਆਵਾਂਗੇ।'
1) ਅਸੀਂ 2) ਤੁਹਾਡੇ 3) ਭਲਕੇ 4) ਘਰ

**6) ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ):** (1+1=2)

**ੳ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਨਿਰ, ਅਣ

**ਅ)** ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ - ਦੋ ਸ਼ਬਦ ਬਣਾਓ:

ਈਲਾ, ਬਾਣੀ

**7) ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ:** (4×1=4)

ਘਿਓ ਖਿਚੜੀ ਹੋਣਾ, ਖ਼ਾਰ ਖਾਣੀ, ਗਲ ਨਾਲ ਲਾਉਣਾ, ਕਲਮ ਦੇ ਧਨੀ ਹੋਣਾ, ਖਾਣ ਨੂੰ ਪੈਣਾ, ਗਦ-ਗਦ ਹੋਣਾ

## ਭਾਗ-ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ)

**9) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ 'ਇੱਕ' ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਅਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ:** (8)

**ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ**

ਨੁਕਤੇ -

ਜਾਣ-ਪਛਾਣ, ਮਨੁੱਖ ਆਦਤਾਂ ਦਾ ਗ਼ੁਲਾਮ, ਆਦਤਾਂ ਅਤੇ ਆਚਰਨ, ਆਦਤਾਂ ਬੂਟਿਆਂ ਵਾਂਗ ਹੁੰਦੀਆਂ ਹਨ, ਆਦਤਾਂ ਦਾ ਮੁੱਢ, ਆਦਤਾਂ ਸਥਿਰ ਹੁੰਦੀਆਂ ਹਨ, ਵਰਤਮਾਨ ਯੁੱਗ ਅਤੇ ਆਦਤਾਂ, ਚੰਗੀਆਂ ਆਦਤਾਂ, ਸਿੱਟਾ।

**ਜਾਂ**

**ਮੋਬਾਈਲ - ਇੱਕ ਸਮੱਸਿਆ**

ਨੁਕਤੇ -

ਜਾਣ-ਪਛਾਣ, ਮੋਬਾਈਲ ਦੀ ਹਰਮਨ-ਪਿਆਰਤਾ, ਵਿਦਿਆਰਥੀ ਵਰਗ ਵਿੱਚ ਮੋਬਾਈਲ ਦਾ ਜਨੂੰਨ, ਸੁਆਰਥੀ ਕੰਪਨੀਆਂ ਦਾ ਯੋਗਦਾਨ, ਮੋਬਾਈਲ ਦੀ ਬੇਲੋੜੀ ਵਰਤੋਂ ਦੇ ਨੁਕਸਾਨ, ਗੰਭੀਰ ਰੋਗ ਪੈਦਾ ਹੋਣੇ, ਵਕਤ ਤੇ ਧਨ ਦੀ ਬਰਬਾਦੀ, ਰਿਸ਼ਤਿਆਂ ਤੋਂ ਦੂਰੀਆਂ, ਬੱਚਿਆਂ 'ਤੇ ਮਾੜਾ ਪ੍ਰਭਾਵ, ਠੱਗੀਆਂ ਦਾ ਸ਼ਿਕਾਰ, ਸਿੱਟਾ।

**ਜਾਂ**

**ਬੇਟੀ ਬਚਾਓ, ਬੇਟੀ ਪੜ੍ਹਾਓ**

ਨੁਕਤੇ -

ਭਾਰਤ ਵਿੱਚ ਕੁੜੀਆਂ ਦੀ ਘਟ ਰਹੀ ਗਿਣਤੀ, ਪਿਛਾਂਹ-ਖਿੱਚੂ ਮਾਨਸਕਤਾ, ਸਮਾਜਕ ਕਾਰਨ, ਕੁੜੀਆਂ ਦੀਆਂ ਪ੍ਰਾਪਤੀਆਂ, ਬੇਟੀ ਬਚਾਓ- ਬੇਟੀ ਪੜ੍ਹਾਓ, ਮੁਹਿੰਮ, ਮਹਾਂਪੁਰਖਾਂ ਦੇ ਵਿਚਾਰ, ਅਭਿਆਨ ਦਾ ਮਕਸਦ, ਸਿੱਟਾ।

**9) ਹੇਠ ਲਿਖੇ ਨੁਕਤਿਆਂ ਦੇ ਆਧਾਰ 'ਤੇ ਕੋਈ ਇੱਕ ਪੱਤਰ ਲਿਖੋ।** (1×6=6)

ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਵਿੱਚ ਤੀਆਂ ਦਾ ਤਿਉਹਾਰ ਮਨਾਉਣ ਦੀ ਆਗਿਆ ਲੈਣ ਲਈ ਬਿਨੈ-ਪੱਤਰ ਲਿਖੋ।

ਨੁਕਤੇ: ਦਸਵੀਂ ਦੀਆਂ ਵਿਦਿਆਰਥਣਾਂ ਵੱਲੋਂ ਤੀਆਂ ਮਨਾਉਣ ਦਾ ਫੈਸਲਾ, ਸ਼ਨੀਵਾਰ ਤੀਆਂ ਦੀ ਰਸਮ ਅਦਾ ਕਰਨੀ, ਗਿੱਧਾ ਤੇ ਪੀਂਘਾਂ ਪਾਉਣ ਦੀ ਆਗਿਆ ਦੇਣਾ, ਖੀਰ-ਪੂੜਿਆਂ ਦਾ ਪ੍ਰਬੰਧ ਕਰਨ ਦੀ ਆਗਿਆ ਦੇਣੀ।

**ਜਾਂ**

ਤੁਹਾਡਾ ਸਪੁੱਤਰ ਆਨ-ਲਾਈਨ ਪੜ੍ਹਾਈ ਦੇ ਬਹਾਨੇ ਮੋਬਾਈਲ 'ਤੇ ਬਹੁਤ ਜ਼ਿਆਦਾ ਸਮਾਂ ਬਰਬਾਦ ਕਰ ਰਿਹਾ ਹੈ। ਉਸ ਨੂੰ ਬੇਲੋੜਾ ਮੋਬਾਈਲ ਵਰਤਣ ਤੋਂ ਵਰਜਦੇ ਹੋਏ ਸਮੇਂ, ਪੈਸੇ ਤੇ ਸਿਹਤ ਦੀ ਕਦਰ ਦੱਸੋ।

ਨੁਕਤੇ: ਹਰ ਵਕਤ ਆਨ-ਲਾਈਨ ਰਹਿਣ ਤੋਂ ਅੰਦਾਜ਼ਾ ਲਾਉਣਾ, ਆਨ-ਲਾਈਨ ਪੜ੍ਹਾਈ ਦੇ ਬਹਾਨੇ ਮੋਬਾਈਲ ਦੀ ਦੁਰਵਰਤੋਂ, ਮੋਬਾਈਲ ਦੀ ਵਰਤੋਂ ਲੋੜ ਵੇਲੇ ਹੀ ਕਰਨੀ, ਵਕਤ, ਪੈਸੇ ਤੇ ਸਿਹਤ ਦੀ ਬਰਬਾਦੀ ਤੇ ਮਾੜੀਆਂ ਆਦਤਾਂ ਦੀ ਲੱਤ ਲੱਗਣਾ, ਸਖ਼ਤਾਈ ਨਾਲ ਤਾੜਨਾ।

10) ਹੇਠ ਲਿਖੇ ਚਿੱਤਰ ਨੂੰ ਦੇਖ ਕੇ ਉਸਦਾ ਵਰਨਣ 50 ਤੋਂ 60 ਸ਼ਬਦਾਂ ਵਿੱਚ ਲਿਖੋ। (4)



## ਭਾਗ-ਸ (ਪਾਠ ਪੁਸਤਕਾਂ ਤੇ ਅਧਾਰਤ)

**11) ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਅਸੀਂ ਕਿਹੜੇ ਸਿੱਕੇ ਤੇ ਨੋਟ ਚਲਾਉਂਦੇ ਹਾਂ?

1) ਕਾਗਜ਼ ਦੇ 2) ਪਿੱਤਲ ਦੇ 3) ਲਫ਼ਜ਼ਾਂ ਦੇ 4) ਸੋਨੇ ਦੇ

ਅ) ਕਿਨ੍ਹਾਂ ਦੀ ਦੁਨੀਆਂ ਦਿਨੋ-ਦਿਨ ਕੰਗਾਲ ਹੁੰਦੀ ਜਾਂਦੀ ਹੈ?

1) ਜਿਹੜੇ ਦੂਜਿਆਂ ਨੂੰ ਨਫ਼ਰਤ ਕਰਦੇ ਹਨ 2) ਜਿਹੜੇ ਦੂਜਿਆਂ ਨਾਲ ਹਮਦਰਦੀ ਨਹੀਂ ਪ੍ਰਗਟਾਉਂਦੇ

3) ਜਿਹੜੇ ਬੱਚਿਆਂ ਦੀ ਦੁਨੀਆਂ ਦਾ ਧਿਆਨ ਨਹੀਂ ਰੱਖਦੇ 4) ਜਿਹੜੇ ਦੂਜਿਆਂ ਦਾ ਬੁਰਾ ਚਾਹੁੰਦੇ ਹਨ

ੲ) ਨੀਂਦ ਲਈ ਮਹਾਰਾਜਾ ਰਣਜੀਤ ਸਿੰਘ ਨੇ ਕੀ ਕੀਤਾ?

1) ਦਵਾਈ ਲਈ 2) ਨੀਂਦ ਲਈ ਅਕਾਲ ਪੁਰਖ ਅੱਗੇ ਬੇਨਤੀ ਕੀਤੀ

3) ਸੌਣ ਦਾ ਯਤਨ ਕੀਤਾ 4) ਪ੍ਰਭੂ ਦੀ ਭਗਤੀ ਸ਼ੁਰੂ ਕੀਤੀ

ਸ) ਕਹਾਣੀਕਾਰ ਟਕੇ ਦੀ ਮੰਗ ਤੋਂ ਬਚਣ ਲਈ ਕੀਮਤੀ ਸਮੇਂ ਨੂੰ ਕਿੱਥੇ ਬਰਬਾਦ ਕਰਦਾ ਰਿਹਾ?

1) ਸੜਕਾਂ 'ਤੇ 2) ਬਜ਼ਾਰ ਵਿੱਚ 3) ਪਾਰਕ ਵਿੱਚ 4) ਛੱਤ 'ਤੇ

ਹ) ਅਮਰੀਕ ਦਾ ਪਿਉ ਉਸ ਨੂੰ ਪਹਿਲੀ ਜਮਾਤ ਵਿੱਚ ਦਾਖ਼ਲ ਕਰਵਾਉਣ ਲਈ ਜਿਸ ਮਾਸਟਰ ਜੀ ਕੋਲ ਲੈ ਕੇ ਗਿਆ ਉਹਨਾਂ ਦਾ ਕੀ ਨਾਂ ਸੀ?

1) ਮਾਸਟਰ ਮੁਲਖ਼ ਰਾਜ 2) ਮਾਸਟਰ ਬਲਦੇਵ ਸਿੰਘ 3) ਮਾਸਟਰ ਕਰਤਾਰ ਸਿੰਘ 4) ਮਾਸਟਰ ਰਾਜ ਕੁਮਾਰ

ਕ) ਕਰਤਾਰ ਸਿੰਘ ਨੇ ਘਰ ਦਾ ਕਿਹੜਾ ਭਾਂਡਾ ਕਲੀ ਵਾਲੇ ਚੈਂਚਲ ਕੋਲ ਵੇਚਿਆ ਸੀ?

1) ਗੜਵਾ 2) ਬਾਲਟੀ 3) ਪਤੀਲਾ 4) ਗਾਗਰ

**12) ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ):(5×1=5)**

ੳ) ਔਰੰਗਜ਼ੇਬ ਦੀ ਜਮੀਰ ਕੀ ਪੜ੍ਹ ਕੇ ਕੰਬ ਗਈ?

1) ਕੁਰਾਨ 2) ਫ਼ਰਿਆਦ 3) ਜ਼ਫ਼ਰਨਾਮਾ 4) ਨਮਾਜ਼

ਅ) ਜ਼ੀਨਤ ਪਿਛਲੇ ਕਿੰਨੇ ਸਾਲਾਂ ਤੋਂ ਆਪਣੇ ਬਾਪ ਔਰੰਗਜ਼ੇਬ ਦੀ ਖ਼ਿਦਮਤ ਕਰ ਰਹੀ ਸੀ?

1) ਤੀਹ ਸਾਲਾਂ ਤੋਂ 2) ਵੀਹ ਸਾਲਾਂ ਤੋਂ 3) ਦਸ ਸਾਲਾਂ ਤੋਂ 4) ਪੰਦਰਾਂ ਸਾਲਾਂ ਤੋਂ

ੲ) ਪਰਦਾ ਉੱਠਣ ਸਮੇਂ ਕਿਸ ਦੀ ਅਵਾਜ਼ ਸੁਣਾਈ ਦਿੰਦੀ ਹੈ? (ਜ਼ਫ਼ਰਨਾਮਾ ਇਕਾਂਗੀ ਵਿੱਚ)

1) ਸੰਗੀਤ ਦੀ 2) ਲੜਾਈ ਦੀ ੲ) ਹਨੇਰੀ-ਝੱਖੜ ਦੀ ਸ) ਨਾਹਰਿਆਂ ਦੀ

ਸ) 'ਸੋ ਕਿਉਂ ਮੰਦਾ ਆਖੀਐ' ਬਾਣੀ ਵਿੱਚ ਆਏ ਸ਼ਬਦ 'ਮੰਗਣੁ' ਦਾ ਕੀ ਅਰਥ ਹੈ?

1) ਮੰਗਣ ਵਾਲਾ 2) ਮੰਗੇਤਰ 3) ਮੰਗਣੀ 4) ਭੀਖ ਮੰਗਣਾ

ਹ) 'ਕਿਰਪਾ ਕਰਿ ਕੈ ਬਖਸਿ ਲੈਹੁ' ਕਿਸ ਦੀ ਰਚਨਾ ਹੈ?

1) ਸ੍ਰੀ ਗੁਰੂ ਨਾਨਕ ਦੇਵ ਜੀ ਦੀ 2) ਸ੍ਰੀ ਗੁਰੂ ਅਮਰਦਾਸ ਜੀ ਦੀ

3) ਸ੍ਰੀ ਗੁਰੂ ਅਰਜਨ ਦੇਵ ਜੀ ਦੀ 4) ਭਾਈ ਗੁਰਦਾਸ ਜੀ ਦੀ

ਕ) ਸਾਰੇ ਜੀਵ-ਜੰਤ ਕਿਸ ਦੇ ਪੈਦਾ ਕੀਤੇ ਹੋਏ ਹਨ?

1) ਪ੍ਰਕਿਰਤੀ ਦੇ 2) ਪਰਮਾਤਮਾ ਦੇ 3) ਮਨੁੱਖ ਦੇ 4) ਧਰਤੀ ਦੇ

**13) ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ): (4×1=4)**

ੳ) 'ਅੰਗ-ਸੰਗ' ਕਹਾਣੀ ਦੇ ਕਹਾਣੀਕਾਰ ਦੇ ਨਾਂ ਦੱਸੋ।

ਅ) 'ਕੁਲਫ਼ੀ' ਕਹਾਣੀ ਵਿੱਚ ਕਾਕਾ ਕਿਸ ਖਿਡੌਣੇ ਨਾਲ ਖੇਡ ਰਿਹਾ ਸੀ?

ੲ) ਖਾਲਸਾ ਟ੍ਰੈਕਟ ਸੁਸਾਇਟੀ ਦੇ ਪਹਿਲੇ ਟ੍ਰੈਕਟ ਦਾ ਕੀ ਨਾਂ ਹੈ?

ਸ) 'ਬੋਲੀ' ਪਾਠ ਦੇ ਲੇਖਕ ਅਨੁਸਾਰ ਕਿਹੜੇ ਵਿਅਕਤੀ ਆਮ ਤੌਰ 'ਤੇ ਸਿਆਣੇ ਤੇ ਦਿਲਚਸਪ ਹੁੰਦੇ ਹਨ?

ਹ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਘਰਦਿਆਂ ਦੀ ਖ਼ਬਰ-ਸੁਰਤ ਲੈਣ ਲਈ ਕਿਸ ਨੂੰ ਭੇਜਿਆ?

**14) ਕਹਾਣੀ ਵਾਰਤਕ ਅਤੇ ਇਕਾਂਗੀ ਵਿੱਚੋਂ (7×2=14)**

**(ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ):**

ੳ) ਵਜ਼ੀਰ ਖ਼ਾਨ ਨੇ ਗੁਰੂ ਜੀ ਨਾਲ ਜੋ ਧੋਖਾ ਕੀਤਾ ਉਸ ਬਾਰੇ ਔਰੰਗਜ਼ੇਬ ਅਸਦ ਖ਼ਾਨ ਨੂੰ ਕੀ ਦੱਸਦਾ ਹੈ?

ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣ ਕੇ ਜ਼ੀਨਤ ਔਰੰਗਜ਼ੇਬ ਨੂੰ ਕੀ ਕਹਿੰਦੀ ਹੈ?

ੲ) ਸ਼ਾਹ ਦੇ ਮੁੰਡੇ ਤੋਂ ਕੁਲਫ਼ੀ ਖੋਹਣ ਤੇ, ਕਾਕੇ ਦੇ ਮਾਪਿਆਂ ਦੀ ਕੀ ਪ੍ਰਤਿਕਿਰਿਆ ਸੀ?

ਸ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆਂ ਤੋਂ ਤੁਰ ਜਾਣ ਦੇ ਕੀ ਕਾਰਨ ਸਨ?

ਹ) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ ਕਿਉਂ ਕਰਦਾ ਹੈ?

ਕ) ਪ੍ਰਾਰਥਨਾ ਕਰਨ ਨਾਲ ਕੈਦੀ ਦੇ ਵਿਹਾਰ ਵਿੱਚ ਕਿਹੋ ਜਿਹੀ ਤਬਦੀਲੀ ਆਈ?

ਖ) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?

ਗ) ਕਾਰਲਾਈਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ ਜਿਹਾ ਸੀ ਅਤੇ ਕਿਉਂ?

**15) ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ) (2×4=8)**

ੳ) ਔਰਤ ਦਾ ਅਪਮਾਨ ਕਿਉਂ ਨਹੀਂ ਕਰਨਾ ਚਾਹੀਦਾ? 50-60 ਸ਼ਬਦਾਂ ਵਿੱਚ ਉੱਤਰ ਦਿਓ।

**ਜਾਂ**

'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦੇ ਵਿਸ਼ੇ ਬਾਰੇ 50-60 ਸ਼ਬਦਾਂ ਵਿੱਚ ਉੱਤਰ ਦਿਓ।

ਅ) ਮਨੁੱਖ ਦੀਆਂ ਧਾਰਮਿਕ ਰੁਚੀਆਂ ਨੂੰ ਬਲਵਾਨ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?

**ਜਾਂ**

ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮਾਫ਼ ਕਿਉਂ ਕਰ ਦਿੱਤੀ?

**16) ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) (1×4=4)**

ੳ) ਔਰੰਗਜ਼ੇਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਨਾਲ ਜਾਣ-ਪਛਾਣ ਕਰਵਾਓ।

**ਜਾਂ**

'ਜ਼ਫ਼ਰਨਾਮਾ' ਦੇ ਔਰੰਗਜ਼ੇਬ 'ਤੇ ਪਏ ਪ੍ਰਭਾਵ ਨੂੰ ਦੇਖ ਕੇ ਅਸਦ ਖ਼ਾਨ ਔਰੰਗਜ਼ੇਬ ਦੇ ਪੁੱਛਣ 'ਤੇ ਕੀ ਸਲਾਹ ਦਿੰਦਾ ਹੈ?